ਦਫਤਰ ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ ਚੰਡੀਗੜ੍ਹ ।
(ਰਿਣ ਸਾਖਾ-1)

ਵੱਲ

ਬਰਾਂਚ ਮੈਨੇਜਰ,
ਪੰਜਾਬ ਰਾਜ ਸਹਿਕਾਰੀ ਬੈਂਕ ਲਿਮ:
ਸੈਕਟਰ 17 ਚੰਡੀਗੜ੍ਹ ।

ਮੀਮੋ ਨੰ:ਰਸਸ/ਰਿਣ-1/ਸੀ.ਏ 2/40%/15623 ਮਿਤੀ/ 30-11-18

ਵਿਸ਼ਾ: ਪ੍ਰਾਇਮਰੀ ਖੇਤੀਬਾੜੀ/ਬਹੁਮੰਤਵੀ ਸਹਿਕਾਰੀ ਸਭਾਵਾਂ ਵੱਲੋ 40% ਸਬਸਿਡੀ ਤਹਿਤ ਐਗਰੋ ਸਰਵਿਸ ਸੈਂਟਰ ਅਪਗ੍ਰੇਡ ਕਰਨ ਸਬੰਧੀ ਸਬਸਿਡੀ ਦੇ ਕੇਸ ਭੇਜਣ ਬਾਰੇ

ਉਪਰੋਕਤ ਵਿਸ਼ੇ ਸਬੰਧੀ ਉਪ ਰਜਿਸਟਰਾਰ,ਸਹਿਕਾਰੀ ਸਭਾਵਾਂ,ਬਰਨਾਲਾ ਵੱਲੋ ਆਪਣੇ ਪੱਤਰ ਨੰਬਰ/538 ਮਿਤੀ 22-11-18 ਰਾਹੀ ਆਪਣੇ ਸਰਕਲ ਦੀਆਂ 6 ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਵੱਲੋ In-Situ Management of Crop Residue ਸਕੀਮ ਤਹਿਤ ਖਰੀਦੇ ਗਏ 19 ਸੰਦਾਂ ਤੇ ਸਕੀਮ ਅਨੁਸਾਰ ਬਣਦੀ 40% ਸਬਸਿਡੀ ਜਾਰੀ ਕਰਨ ਲਈ ਇਸ ਦਫਤਰ ਨੂੰ ਲਿਖਿਆ ਗਿਆ ਹੈ।ਇਸ ਤਜਵੀਜ ਤੇ ਵਿਚਾਰ ਕਰਨ ਉਪਰੰਤ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਨਾਲ ਨੱਥੀ ਪ੍ਰੋਫਾਰਮੇ ਵਿੱਚ ਦਰਜ 6 ਸਭਾਵਾਂ ਦੀ 40% ਦੇ ਹਿਸਾਬ ਨਾਲ ਬਣਦੀ ਸਬਸਿਡੀ ਦੀ ਰਕਮ ਸਭਾ ਦੇ ਸਾਹਮਣੇ ਪ੍ਰੋਫਾਰਮੇ ਵਿਚ ਦਰਜ ਮੈਨੂਫੈਕਚਰਾਂ/ਡੀਲਰਾਂ/ਸਭਾ ਦੇ ਖਾਤੇ ਵਿੱਚ ਟਰਾਂਸਫਰ ਕੀਤੀ ਜਾਵੇ । ਇਸ ਸਭਾ ਦੀ 19 ਸੰਦਾਂ ਦੀ ਸਬਸਿਡੀ ਦੀ ਕੁੱਲ ਰਕਮ ਮੁਬ: **22,43,888** ( ਬਾਈ ਲੱਖ ਤਰਤਾਲੀ ਹਜ਼ਾਰ ਅੱਠ ਸੌ ਅਠਾਸੀ) ਰੁਪੈ ਬਣਦੀ ਹੈ।ਇਹ ਰਕਮ ਇਸ ਦਫਤਰ ਵੱਲੋ ਖੋਲੇ ਗਏ ਸੇਵਿੰਗ ਖਾਤਾ ਨੰ:000234003100001 ਵਿੱਚੋ ਟਰਾਂਸਫਰ ਕੀਤੀ ਜਾਵੇ।ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਆਰ.ਸੀ ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ । ਇਸ ਸਬੰਧੀ ਆਪ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ ।

ਇਹ ਪੱਤਰ ਰ.ਸ.ਸ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾ ਰਿਹਾ ਹੈ ।

ਨੱਥੀ/ਉਕਤ ਅਨੁਸਾਰ

ਸ/ਸੰਯੁਕਤ ਰਜਿਸਟਰਾਰ-1
ਵਾ:ਰਜਿਸਟਰਾਰ,ਸਹਿਕਾਰੀ ਸਭਾਵਾਂ,
ਪੰਜਾਬ,ਚੰਡੀਗੜ੍ਹ।

ਪਿੱਠ ਅੰਕਣ ਨੰ:ਰਸਸ/ਰਿਣ-1/ 15624-25 ਮਿਤੀ/ 30-11-18

ਉਪਰੋਕਤ ਦਾ ਉਤਾਰਾ:-

1. ਉਪ ਰਜਿਸਟਰਾਰ,ਸਹਿਕਾਰੀ ਸਭਾਵਾਂ, ਬਰਨਾਲਾ ਨੂੰ ਉਨਾਂ ਦੇ ਪੱਤਰ ਨੰਬਰ ਡੀ.ਆਰ./538 ਮਿਤੀ 22-11-18 ਦੇ ਹਵਾਲੇ ਵਿਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਰਾਸੀ ਰਲੀਜ ਹੋਣ ਸਬੰਧੀ ਸਬੰਧਤ ਡੀਲਰਾਂ/ਮੈਨੂਫੈਕਚਰਾਂ/ਸਭਾਵਾਂ ਆਦਿ ਨੂੰ ਤੁਰੰਤ ਸੂਚਿਤ ਕੀਤਾ ਜਾਵੇ ਅਤੇ ਉਪ ਰਜਿਸਟਰਾਰ ਅਤੇ ਸਹਾਇਕ ਰਜਿਸਟਰਾਰ ਪਾਸੋ ਲੋੜੀਦੀ ਪਾਲਣਾ ਯਕੀਨੀ ਬਣਾਈ ਜਾਵੇ।
2 ਸੰਯੁਕਤ ਰਜਿਸਟਰਾਰ ਸ/ਸ ਪਟਿਆਲਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹਨਾਂ ਵੱਲੋ ਭੇਜੀ ਗਈ ਤਜਵੀਜ ਬਾਰੇ ਉਹ ਇਹ ਯਕੀਨੀ ਬਣਾਉਣ ਕਿ ਇਸ ਦਫਤਰ ਵੱਲੋ ਜਾਰੀ ਹਦਾਇਤਾਂ /Policy ਅਧੀਨ ਸਭਾਵਾਂ ਵੱਲੋ ਕਲੇਮ ਕੀਤੀ ਜਾ ਰਹੀ Subsidy ਦੀ ਰਕਮ ਨਿਰਧਾਰਤ ਤੋ ਕਿਸੇ ਵੀ ਹਾਲਤ ਵਿੱਚ ਨਾ ਵਧੇ। ਅਜਿਹਾ ਹੋਣ ਦੀ ਸੂਰਤ ਵਿੱਚ ਡੀ.ਆਰ/ਏ.ਆਰ ਨਿੱਜੀ ਤੋਰ ਤੇ ਜਿੰਮੇਵਾਰ ਹੋਣਗੇ।

ਸ/ ਸੰਯੁਕਤ ਰਜਿਸਟਰਾਰ-1
ਵਾ:ਰਜਿਸਟਰਾਰ,ਸਹਿਕਾਰੀ ਸਭਾਵਾਂ,
ਪੰਜਾਬ ਚੰਡੀਗੜ੍ਹ

ਨੰਬਰ: ਡੀ.ਆਰ/ਪੀ.ਏ/.........  ਮਿਤੀ.................

ਵੱਲੋ:

ਉਪ ਰਜਿਸਟਰਾਰ
ਸਹਿਕਾਰੀ ਸਭਾਵਾਂ,ਬਰਨਾਲਾ।

ਸੇਵਾ ਵਿਖੇ

ਰਜਿਸਟਰਾਰ
ਸਹਿਕਾਰੀ ਸਭਾਵਾਂ,ਪੰਜਾਬ,ਚੰਡੀਗੜ੍ਹ।

ਵਿਸ਼ਾ:- **In Situ Management of Crop residue Scheme** ਅਧੀਨ 40% ਸਬਸਿਡੀ ਜਾਰੀ ਕਰਨ ਬਾਰੇ।

ਉਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂਬਰਨਾਲਾ ਦੀ ਰਿਪੋਰਟ ਅਨੁਸਾਰ ਆਪ ਜੀ ਦੇ ਦਫ਼ਤਰ ਦੇ ਪੱਤਰ ਨੰ: ਰਸਸ/ਰਿਣ-1/ਸੀ.ਏ2/ਬਰਨਿੰਗ/ 491 ਮਿਤੀ 22.06.2018 ਰਾਹੀਂ ਅਤੇ ਪੱਤਰ ਨੰ: ਰਸਸ/ਰਿਣ-1/ ਸੀ.ਏ.-2/ 594 ਮਿਤੀ 27.07.2018 ਰਾਹੀਂ ਪ੍ਰਵਾਨ ਹੋਏ 40% ਸਬਸਿਡੀ ਤੇ ਇਸ ਸਰਕਲ ਦੀਆਂ ਸਭਾਵਾਂ ਵੱਲੋਂ ਨਿਮਨਲਿਖਤ ਖੇਤੀਬਾੜੀ ਮਸ਼ਿਨਰੀ ਖਰੀਦ ਕਰ ਲਈ ਹੈ। ਸੋ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਬਰਨਾਲਾ ਦੀ ਸ਼ਿਫਾਰਸ਼ ਨੂੰ ਮੁੱਖ ਰੱਖਦੇ ਹੋਏ ਹੇਠ ਲਿਖੀਆਂ ਖੇਤੀਬਾੜੀ ਸਭਾਵਾਂ ਨੂੰ ਨਿਮਨਲਿਖਤ ਅਨੁਸਾਰ 80% ਸਬਸਿਡੀ ਜਾਰੀ ਕਰਵਾਉਣ ਲਈ ਕੇਸ ਇਸ ਪੱਤਰ ਨਾਲ ਨੱਥੀ ਕਰਕੇ ਆਪ ਜੀ ਨੂੰ ਅਗਲੇਰੀ ਕਾਰਵਾਈ ਹਿੱਤ ਭੇਜੇ ਜਾਂਦੇ ਹਨ।

| ਲੜੀ ਨੰ: | ਬਹੁਮੰਤਵੀ ਖੇਤੀਬਾੜੀ ਸਭਾ ਦਾ ਨਾਮ | ਖੇਤੀਬਾੜੀ ਸੰਦ ਦਾ ਨਾਮ | ਗਿਣਤੀ | ਫਰਮ ਦਾ ਨਾਮ ਖਾਤਾ ਨੰਬਰ ਤੇ IFSC ਕੋਡ | 40% ਸਬਸਿਡੀ ਤਹਿਤ ਬਣਦੀ ਰਕਮ |
|---|---|---|---|---|---|
| 1 | ਦੀ ਰਾਜੀਆ | ਟਰੈਕਟਰ (ਮੈਸੀ) | 1 | ਸਿੱਧੂ ਆਟੋਮੋਬਾਇਲਜ਼ 50200030258580 HDFC0000432 | 240000 |
| | | ਲੇਜਰ ਲੈਵਲਰ | 1 | ਪਨੇਸਰ ਐਗਰੀਕਲਚਰ ਇੰਡਸਟਰੀਜ਼ 04322320000298 HDFC0000432 | 146000 |
| | ਕੁੱਲ ਜੋੜ | | **2** | | **386000** |
| 2 | ਦੀ ਪੰਧੇਰ | ਟਰੈਕਟਰ | 1 | ਬਰਨਾਲਾ ਟਰੈਕਟਰਜ਼ 051805002121 ICIC0000518 | 240000 |
| | | ਸਪਰੇਅ ਪੰਪ | 1 | ਪਨੇਸਰ ਐਗਰੀਕਲਚਰ ਵਰਕਸ 182811031042 BKDB0741828 | 54000 |
| | | ਹਾਰੋਅ 8X8 | 1 | | 25088 |
| | | ਹਾਰੋਅ 9X9 | 1 | | 31400 |
| | | ਜਿੰਦਰਾ | 1 | | 7800 |
| | | ਕਲਟੀਵੇਟਰ | 1 | | 6000 |
| | | ਲੈਜਰ ਲੈਵਲਰ | 1 | ਪਨੇਸਰ ਐਗਰੀਕਲਚਰ ਇੰਡਸਟਰੀਜ਼ 65002697845 SBIN0050027 | 152000 |
| | | ਆਲੂ ਬੀਜਣ ਵਾਲੀ ਮਸ਼ੀਨ | 1 | ਸੁਖਦੇਵ ਐਗਰੀਕਲਚਰ ਵਰਕਸ 1812930905 KKBK0000267 | 28000 |
| | | ਆਲੂ ਪੱਟਣ ਵਾਲੀ ਮਸ਼ੀਨ | 1 | | 28800 |
| | | ਮੱਕੀ ਬੀਜਣ ਵਾਲੀ ਮਸ਼ੀਨ | 1 | | 26000 |
| | ਕੁੱਲ ਜੋੜ | | **10** | | **599088** |
| 3 | ਦੀ ਹੰਡਿਆਇਆ | ਲੈਂਡ ਲੈਵਲਰ | 1 | ਹਰਗੋਬਿੰਦ ਐਗਰੋ ਟੈਕ 50200022571092 HDFC0000432 | 124000 |
| | | ਟਰੈਕਟਰ | 1 | ਹਿੰਦ ਆਟੋਮੋਬਾਇਲ 916030030680905 UTIB0000418 | 240000 |

| | | | | | |
|---|---|---|---|---|---|
| ਕੁੱਲ ਜੋੜ | | | 2 | | **364000** |
| 4 | ਦੀ ਢਿਲਵਾਂ | ਟਰੈਕਟਰ ਨਿਊ ਹਾਲੈਂਡ 55 ਹਾਰਸ ਪਾਵਰ | 1 | ਬਰਨਾਲਾ ਆਟੋ ਪ੍ਰਾਈਵੇਟ ਲਿਮ:<br>0044008700007390<br>PUNB0004400 | 240000 |
| | | ਸਪਰੇਅ ਪੰਪ | 1 | ਪਨੇਸਰ ਐਗਰੀਕਲਚਰ ਵਰਕਸ<br>182811031042<br>BKDB0741828 | 44800 |
| ਕੁੱਲ ਜੋੜ | | | 2 | | **284800** |
| 5 | ਦੀ ਚੰਨਣਵਾਲ | ਟਰੈਕਟਰ | 1 | ਬਰਨਾਲਾ ਆਟੋ ਪ੍ਰਾਈਵੇਟ ਲਿਮਟਿਡ<br>0044008700007390<br>PUNB0004400 | 240000 |
| ਕੁੱਲ ਜੋੜ | | | 1 | | **240000** |
| 6 | ਦੀ ਦਾਨਗੜ੍ਹ | ਟਰੈਕਟਰ (ਮੈਸੀ 9500) | 1 | ਸਿੱਧੂ ਆਟੋਮੋਬਾਇਲਜ਼<br>50200030258580<br>HDFC0000432 | 240000 |
| | | ਲੇਜਰ ਲੈਵਲਰ | 1 | ਪਨੇਸਰ ਐਗਰੀਕਲਚਰ ਇੰਡਸਟਰੀਜ਼<br>04322320000298<br>HDFC0000432 | 130000 |
| ਕੁੱਲ ਜੋੜ | | | 2 | | **370000** |

| ਲੜੀ ਨੰ: | ਸਭਾ ਦਾ ਨਾਮ | ਕੁੱਲ ਖੇਤੀਬਾੜੀ ਸੰਦਾਂ ਦੀ ਗਿਣਤੀ | 40% ਸਬਸਿਡੀ ਤਹਿਤ ਬਣਦੀ ਕੁੱਲ ਰਕਮ |
|---|---|---|---|
| 1 | ਦੀ ਰਾਜੀਆ MPCASS LTD | 2 | 386000 |
| 2 | ਦੀ ਪੰਧੇਰ MPCASS LTD | 10 | 599088 |
| 3 | ਦੀ ਹੰਡਿਆਇਆ MPCASS LTD | 2 | 364000 |
| 4 | ਦੀ ਢਿਲਵਾਂ MPCASS LTD | 2 | 284800 |
| 5 | ਦੀ ਚੰਨਣਵਾਲ MPCASS LTD | 1 | 240000 |
| 6 | ਦੀ ਦਾਨਗੜ੍ਹ MPCASS LTD | 2 | 370000 |
| ਕੁੱਲ ਜੋੜ | | 19 | 2243888 |

| ਟਰੈਕਟਰ | ਸਪਰੇਅ ਪੰਪ | ਹਾਰੋਅ 8X8 | ਕਲਟੀਵੇਟਰ | ਜਿੰਦਰਾ | ਲੈਜਰ ਲੈਵਲਰ | ਆਲੂ ਬੀਜਣ ਵਾਲੀ ਮਸ਼ੀਨ | ਆਲੂ ਪੱਟਣ ਵਾਲੀ ਮਸ਼ੀਨ | ਮੱਕੀ ਬੀਜਣ ਵਾਲੀ ਮਸ਼ੀਨ | ਕੁੱਲ ਜੋੜ |
|---|---|---|---|---|---|---|---|---|---|
| 6 | 2 | 2 | 1 | 1 | 4 | 1 | 1 | 1 | 19 |

ਨੋਟ:- ਲੜੀ ਨੰ: 2 ਦੀ ਪੰਧੇਰ ਸਭਾ ਅਤੇ ਲੜੀ ਨੰ: 3 ਦੀ ਹੰਡਿਆਇਆ ਸਭਾ ਅਤੇ ਲੜੀ ਨੰ: 5 ਦੀ ਚੰਨਣਵਾਲ ਸਭਾ ਦੇ ਟਰੈਕਟਰ ਦੀ ਆਰ.ਸੀ ਦੀ ਕਾਪੀ ਪ੍ਰਾਪਤ ਨਹੀਂ ਹੋਈ। ਆਰ.ਸੀ ਦੀ ਕਾਪੀ ਪ੍ਰਾਪਤ ਹੋਣ ਤੇ ਉਸਦੀ ਤਸਦੀਕ ਸ਼ੁਦਾ ਕਾਪੀ ਆਪ ਜੀ ਦੇ ਦਫ਼ਤਰ ਨੂੰ ਤਰੁੰਤ ਭੇਜ਼ ਦਿੱਤੀ ਜਾਵੇਗੀ।

ਉਪ ਰਜਿਸਟਰਾਰ
ਸਹਿਕਾਰੀ ਸਭਾਵਾਂ,ਬਰਨਾਲਾ।

ਪਿੱਠ ਅੰਕਣ ਨੰ: ਡੀ.ਆਰ/ਪੀ.ਏ/ ................ ਮਿਤੀ ..................

ਉਪਰੋਕਤ ਦਾ ਉਤਾਰਾ ਸੰਯੁਕਤ ਰਜਿਸਟਰਾਰ ਸਹਿਕਾਰੀ ਸਭਾਵਾਂ, ਪਟਿਆਲਾ ਮੰਡਲ, ਪਟਿਆਲਾ ਜੀ ਨੂੰ ਸੂਚਨਾਂ ਹਿੱਤ।

ਉਪ ਰਜਿਸਟਰਾਰ
ਸਹਿਕਾਰੀ ਸਭਾਵਾਂ,ਬਰਨਾਲਾ।